ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ
(ਈ-1 ਸ਼ਾਖਾ)

ਵੱਲ,

1 ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ,
2 ਡਾਇਰੈਕਟਰ, ਸਿਹਤ ਸੇਵਾਵਾਂ (ਸਮਾਜਿਕ ਬੀਮਾ), ਪੰਜਾਬ, ਚੰਡੀਗੜ੍ਹ,
3 ਡਾਇਰੈਕਟਰ,ਸਿਹਤ ਸੇਵਾਵਾਂ ਪਰਿਵਾਰ ਭਲਾਈ ਪੰਜਾਬ
4 ਡਾਇਰੈਕਟਰ, ਮੈਂਟਲ ਹਸਪਤਾਲ, ਅੰਮ੍ਰਿਤਸਰ,
5 ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ,
6 ਪੰਜਾਬ ਰਾਜ ਦੇ ਸਮੂਹ ਮੈਡੀਕਲ ਸੁਪਰਡੰਟ ਅਤੇ ਡਿਪਟੀ ਮੈਡੀਕਲ ਸੁਪਰਡੰਟ,
7 ਡਿਪਟੀ ਡਾਇਰੈਕਟਰ, ਮਲੇਰੀਆ, ਪੰਜਾਬ, ਚੰਡੀਗੜ੍ਹ,
8 ਪ੍ਰਿੰਸੀਪਲ ਰਾਜ ਸਿਹਤ ਤੇ ਪਰਿਵਾਰ ਭਲਾਈ ਸੰਸਥਾ, ਮੁਹਾਲੀ ਅਤੇ ਅੰਮ੍ਰਿਤਸਰ,
9 ਪ੍ਰਿੰਸੀਪਲ ਮੈਡੀਕਲ ਕਾਲਜ਼, ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ,
10 ਪ੍ਰਿੰਸੀਪਲ, ਡੈਂਟਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ,
11 ਜੋਨਲ ਮਲੇਰੀਆ ਅਫਸਰ, ਪਟਿਆਲਾ, ਫਿਰੋਜ਼ਪੁਰ ਅਤੇ ਜਲੰਧਰ,
12 ਪ੍ਰਿੰਸੀਪਲ ਮੈਡੀਕਲ ਅਫਸਰ, ਬੀ.ਬੀ.ਐਮ.ਬੀ ਹਸਪਤਾਲ, ਨੰਗਲ(ਰੋਪੜ), ਤਲਵਾੜਾ (ਹੁਸ਼ਿਆਰਪੁਰ) ਅਤੇ ਸੁੰਦਰ ਨਗਰ (ਹਿਮਾਚਲ ਪ੍ਰਦੇਸ),
13 ਕੈਮਿਕਲ ਐਗਜਾਮੀਨਰ, ਖਰੜ, ਜਿਲਾ ਅਜੀਤਗੜ੍ਹ (ਮੋਹਾਲੀ) ।
14 ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ/ ਈ.ਪੀ.ਆਈ ਪੰਜਾਬ, ਚੰਡੀਗੜ੍ਹ
15 ਲੋਕ ਵਿਸ਼ਲੇਸ਼ਕ, ਪੰਜਾਬ, ਸੈਕਟਰ-11, ਚੰਡੀਗੜ੍ਹ,
16 ਬੈਕਟ੍ਰਾਲੋਜਿਸਟ, ਇੰਚ:ਸਟੇਟ ਪਬਲਿਕ ਹੈਲਥ ਲੈਬਾਰਟਰੀ, ਪੰਜਾਬ, ਸੈਕਟਰ-11, ਚੰਡੀਗੜ੍ਹ।

ਮੀਮੋ ਨੰ.ਈ1(3)ਪੰ:-2017/ 2582-2642
ਮਿਤੀ, ਚੰਡੀਗੜ੍ਹ :- 10/5/17

ਵਿਸ਼ਾ: **ਸਿਹਤ ਵਿਭਾਗ ਦੇ ਅਧੀਨ ਦਫਤਰਾਂ ਵਿੱਚ ਕੰਮ ਕਰ ਰਹੇ ਕਲਰਕਾਂ ਦੀ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਕਰਨ ਸਬੰਧੀ।**

0-0-0-0-0-0-0-0-0-0

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ।

ਸਿਹਤ ਵਿਭਾਗ ਦੇ ਅਧੀਨ ਦਫਤਰਾਂ ਦੇ ਕਲਰਕਾਂ ਦੇ ਕਾਡਰ ਵਿੱਚ ਯੋਗ ਕਲਰਕਾਂ ਨੂੰ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 04-09-2000 ਅਤੇ 15-12-2011 ਦੇ ਸਨਮੁੱਖ ਉਚੇਰੇ ਤਨਖਾਹ ਸਕੇਲ 10300-34800+3600 ਗ੍ਰੇਡ ਪੇਅ ਵਿੱਚ ਪਲੇਸ ਕਰਨ ਅਤੇ ਉਨ੍ਹਾਂ ਨੂੰ ਜੂਨੀਅਰ ਸਹਾਇਕ ਦਾ ਪਦਨਾਮ ਦੇਣ ਸਬੰਧੀ ਮਿਤੀ 03.04.2017 ਰਾਹੀਂ ਜਾਰੀ ਕੀਤੀ ਪ੍ਰੋਵੀਜਨਲ ਸੀਨੀਆਰਤਾ ਸੂਚੀ (ਮਿਤੀ 01-01-2017 ਦੀ ਸਥਿਤੀ ਅਨੁਸਾਰ ਜੋ ਵਿਭਾਗ ਦੀ ਵੈੱਬਸਾਈਟ ਤੇ ਮੌਜੂਦ ਹੈ) ਅਨੁਸਾਰ ਲੜੀ ਨੰ: 488 ਤੋਂ 604 ਤੱਕ (ਮਿਤੀ: 31-12-2011 ਤੱਕ ਹਾਜ਼ਰ ) ਕਰਮਚਾਰੀਆਂ ਦੀਆਂ ਪਿਛਲੇ ਪੰਜ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦਾ ਸਾਰ ਅਤੇ ਅਪ੍ਰੈਲ 2016 ਤੋਂ ਹੁਣ ਤੱਕ ਦੀ ਸਪੈਸ਼ਲ ਰਿਪੋਰਟ ਅਤ ਸ਼ਿਕਾਇਤ/ਪੜਤਾਲ ਹੋਣ ਜਾਂ ਨਾ ਹੋਣ ਸਬੰਧੀ ਸੂਚਨਾ ਸਮੇਤ ਨਿਰਧਾਰਿਤ ਪ੍ਰੋਫਾਰਮੇ ਤੇ ਮਿਤੀ 30-04-2017 ਤੋਂ ਪਹਿਲਾਂ-ਪਹਿਲਾਂ ਵਿਸ਼ੇਸ਼ ਦੂਤ ਰਾਹੀ ਇਸ ਦਫਤਰ ਨੂੰ ਮੁਕੰਮਲ ਕੇਸ ਭੇਜਿਆ ਜਾਵੇ।

ਜੇਕਰ ਸੀਨੀਆਰਤਾ ਲੜੀ ਨੰ: 488 ਤੋਂ ਪਹਿਲਾਂ ਦਾ ਕੋਈ ਯੋਗ ਕਰਮਚਾਰੀ ਪਲੇਸਮੈਂਟ ਤੋਂ ਵਾਂਝਾ ਰਹਿ ਗਿਆ ਹੋਵੇ ਤਾਂ ਉਸਦਾ ਵੀ ਮੁਕੰਮਲ ਕੇਸ ਸਿਫਾਰਿਸ਼ ਸਹਿਤ ਅਤੇ ਦੇਰੀ ਦੇ ਕਾਰਨ ਸਪੱਸ਼ਟ ਕਰਦੇ ਹੋਏ ਇਸ ਦਫਤਰ ਨੂੰ ਭੇਜਿਆ ਜਾਵੇ।

ਉਕਤ ਤੋਂ ਇਲਾਵਾ ਜੇਕਰ ਕਿਸੇ ਕਰਮਚਾਰੀ ਦਾ ਨਾਮ ਇਸ ਦਫਤਰ ਵੱਲੋ ਮਿਤੀ 03-04-2017 ਨੂੰ ਜਾਰੀ ਕੀਤੀ ਨਵੀ ਪ੍ਰੋਵੀਜਨਲ ਸੀਨੀਆਰਤਾ ਸੂਚੀ ਜੋ ਵਿਭਾਗ ਦੀ ਵੈੱਬ ਸਾਈਟ **www.pbhealth.gov.in** ਤੇ ਵੀ ਉਪਲੱਬਧ ਹੈ, ਵਿੱਚ ਸ਼ਾਮਿਲ ਹੋਣ ਤੋ ਰਹਿ ਗਿਆ ਹੋਵੇ ਤਾਂ ਅਜਿਹੇ ਕਰਮਚਾਰੀਆਂ ਦਾ ਰਿਕਾਰਡ ਵੀ ਦਸਤਾਵੇਜੀ ਸਬੂਤਾਂ ਸਮੇਤ ਇਸ ਦਫਤਰ ਨੂੰ ਭੇਜਿਆ ਜਾਵੇ।

ਨਿਸ਼ਚਿਤ ਮਿਤੀ ਤੋ ਪਹਿਲਾਂ ਪਹਿਲਾਂ ਉਪਰੋਕਤ ਰਿਕਾਰਡ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਂਦੇ ਹੋਏ ਸਬੰਧਿਤ ਅਧਿਕਾਰੀ/ਕਰਮਚਾਰੀ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

ਸੁਪਰਡੰਟ ਅਮਲਾ-1 ਸ਼ਾਖਾ
ਡਾਇਰੈਕਟੋਰੇਟ ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਨੰ.ਈ1(3)ਪੰ:-2017/
ਮਿਤੀ, ਚੰਡੀਗੜ੍ਹ :-

ਉਤਾਰਾ:-

1 ਸ੍ਰੀ ਸੁਖਵਿੰਦਰ ਸਿੰਘ, ਪ੍ਰਧਾਨ, ਪੰਜਾਬ ਹੈਲਥ ਡਿਪਾਰਟਮੈਂਟ ਅਧੀਨ ਦਫਤਰ ਕਲੈਰਕੀਲ ਐਸੋਸੀਏਸ਼ਨ, ਮਾਰਫਤ ਦਫਤਰ ਸਿਵਲ ਸਰਜਨ, ਲੁਧਿਆਣਾ,

2 ਸ੍ਰੀ ਜਗਦੀਸ਼ ਠਾਕੁਰ, ਜਨਰਲ ਸਕੱਤਰ, ਪੰਜਾਬ ਹੈਲਥ ਡਿਪਾਰਟਮੈਂਟ ਅਧੀਨ ਦਫਤਰ ਕਲੈਰਕੀਲ ਐਸੋਸੀਏਸ਼ਨ, ਮਾਰਫਤ ਸਰਕਾਰੀ ਡੈਂਟਲ ਕਾਲਜ, ਅੰਮ੍ਰਿਤਸਰ,

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ ਅਮਲਾ-1 ਸ਼ਾਖਾ
ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਅਧੀਨ ਦਫਤਰਾਂ ਵਿੱਚ ਕੰਮ ਕਰ ਰਹੇ ਕਲਰਕਾਂ ਦੀ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਕਰਨ ਸਬੰਧੀ ਪ੍ਰੋਫਾਰਮਾ:-

| ਲੜੀ ਨੰ: | ਕਰਮਚਾਰੀ ਦਾ ਨਾਮ ਅਤੇ ਮੌਜੂਦਾ ਪੋਸਟਿੰਗ | ਸੀਨੀਆਰਤਾ ਨੰ: | ਪਿਛਲੇ ਪੰਜ ਸਾਲਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਦਾ ਸਾਰ | ਮਿਤੀ 01.04.2016 ਤੋ ਹੁਣ ਤੱਕ ਸਪੈਸ਼ਲ ਰਿਪੋਰਟ | ਸ਼ਿਕਾਇਤ/ਪੜਤਾਲ/ਪੈਡਿੰਗ ਜੇਕਰ ਹੈ ਤਾਂ ਵੇਰਵੇ ਦਿੱਤੇ ਜਾਣ | ਵਿਸ਼ੇਸ਼ ਕਥਨ |
|---|---|---|---|---|---|---|
| | | | | | | |